**ਡਾਰਲਿੰਗਟਨ ਦੀ ਬੱਚਿਆਂ ਅਤੇ ਛੋਟੀ ਉਮਰ ਵਾਲਿਆਂ ਲਈ ਡਾਇਰੈਕਟਰੀ**

ਇਸ ਡਾਇਰੈਕਟਰੀ ਵਿੱਚ ਤੁਸੀਂ ਬੱਚਿਆਂ ਅਤੇ ਛੋਟੀ ਉਮਰ ਵਾਲਿਆਂ, ਉਹਨਾਂ ਦੇ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨਾਲ ਸੰਬੰਧਿਤ ਅਤੇ ਇਸ ਦੇ ਨਾਲ ਹੀ ਉਹਨਾਂ ਦੀ ਸਹਾਇਤਾ ਕਰਨ ਵਾਲੇ ਪੇਸ਼ਾਵਰਾਂ ਲਈ ਸਥਾਨਕ ਸੰਗਠਨਾਂ, ਸੇਵਾਵਾਂ ਅਤੇ ਪ੍ਰੋਗਰਾਮਾਂ ਬਾਰੇ ਵਿਆਪਕ ਅਤੇ ਤਾਜ਼ਾ-ਤਰੀਨ ਜਾਣਕਾਰੀ ਹਾਸਲ ਕਰ ਸਕਦੇ ਹੋ।

http://darlington.childrensservicedirectory.org.uk

ਤੁਸੀਂ ਏ ਤੋਂ ਜ਼ੈਡ ਡਾਇਰੈਕਟਰੀ ਨੂੰ, ਮੁੱਖ ਸ਼ਬਦਾਂ ਰਾਹੀਂ, ਪੋਸਟਕੋਡ ਰਾਹੀਂ ਜਾਂ ਸਿਰਫ਼ ਆਪਣੇ ਸੰਬੰਧਿਤ ਜ਼ੋਨ 'ਤੇ ਕਲਿੱਕ ਕਰਕੇ ਖੋਜ ਕਰ ਸਕਦੇ ਹੋ। ਕਲਿੱਕ ਜ਼ੋਨ ਨੌਜਵਾਨਾਂ ਨੂੰ ਇਹ ਜਾਣਨ ਦਾ ਮੌਕਾ ਦਿੰਦਾ ਹੈ ਕਿ ਡਾਰਲਿੰਗਟਨ ਵਿੱਚ ਉਹਨਾਂ ਲਈ ਕੀ ਕੁਝ ਚੱਲ ਰਿਹਾ ਹੈ।

ਜੇ ਤੁਹਾਨੂੰ ਸੇਵਾ ਨਾਲ ਸੰਪਰਕ ਕਰਨ ਵਿੱਚ ਮੁਸ਼ਕਲ ਹੁੰਦੀ ਹੈ ਤਾਂ ਅਸੀਂ ਲੈਂਗਵੇਜ਼ ਲਾਈਨ ਅਨੁਵਾਦ ਸੇਵਾ ਚਲਾਉਂਦੇ ਹਾਂ ਜੋ ਲਾਹੇਵੰਦ ਹੋ ਸਕਦੀ ਹੈ। ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸੇਵਾ ਨਾਲ ਸੰਪਰਕ ਕਰੋ।

ਡਾਇਰੈਕਟਰੀ ਦਾ ਵਿਸਥਾਰ ਅਤੇ ਵਿਕਾਸ ਹੋਣਾ ਜਾਰੀ ਰਹੇਗਾ। ਇਹ ਯਕੀਨੀ ਬਣਾਉਣ ਲਈ ਕਿ ਜਾਣਕਾਰੀ ਤਾਜ਼ਾ-ਤਰੀਨ ਅਤੇ ਸੰਬੰਧਿਤ ਹੈ, ਅਸੀਂ ਤੁਹਾਡੀਆਂ ਟਿੱਪਣੀਆਂ ਅਤੇ ਸੁਝਾਆਂ ਦਾ ਸੁਆਗਤ ਕਰਦੇ ਹਾਂ। ਜੇ ਤੁਹਾਨੂੰ ਕਿਸੇ ਵੀ ਸੇਵਾ, ਘਟਨਾ ਜਾਂ ਸਰਗਰਮੀ ਬਾਰੇ ਜਾਣਕਾਰੀ ਹੈ ਜਿਸਨੂੰ ਇਸ ਡਾਇਰੈਕਟਰੀ ਵਿੱਚ ਸੂਚੀਬੱਧ ਨਹੀਂ ਕੀਤਾ ਗਿਆ ਹੈ ਅਤੇ ਜੋ ਬੱਚਿਆਂ, ਨੌਜਵਾਨਾਂ, ਉਹਨਾਂ ਦੇ ਮਾਪਿਆਂ/ਦੇਖਭਾਲ ਕਰਨ ਵਾਲਿਆਂ ਜਾਂ ਪ੍ਰੈਕਟੀਸ਼ਨਰਾਂ ਲਈ ਢੁਕਵੀਂ ਹੈ, ਤਾਂ ਕਿਰਪਾ ਕਰਕੇ ਸਾਨੂੰ ਇਸ ਬਾਰੇ ਦੱਸੋ।

ਤੁਸੀਂ ਸਾਨੂੰ ਆਨਲਾਈਨ ਫ਼ੀਡਬੈਕ ਫ਼ਾਰਮ, ਜਾਂ ਫ੍ਰੀ ਫ਼ੋਨ 0800 917 2121, ਜਾਂ fis@darlington.gov.uk 'ਤੇ ਈ ਮੇਲ ਰਾਹੀਂ ਸੰਪਰਕ ਕਰ ਸਕਦੇ ਹੋ ਜਾਂ ਤੁਸੀਂ ਟਾਊਨ ਹਾਲ ਵਿੱਚ ਆ ਸਕਦੇ ਹੋ ਅਤੇ ਫੈਮਿਲੀਜ਼ ਇਨਫ਼ਾਰਮੇਸ਼ਨ ਸਰਵਿਸ ਲਈ ਪੁੱਛ ਸਕਦੇ ਹੋ।

ਡਾਰਲਿੰਗਟਨ ਫੈਮਲੀਜ਼ ਇਨਫਾਰਮੇਸ਼ਨ ਸਰਵਿਸ ਇਸ ਵੈਬਸਾਈਟ 'ਤੇ ਦਿਖਾਈਆਂ ਜਾਂਦੀਆ ਸੇਵਾਵਾਂ ਦਾ ਸਮਰਥਨ ਜਾਂ ਸਿਫਾਰਸ਼ ਨਹੀਂ ਕਰਦੀ ਕਿਉਂਕਿ ਅਸੀਂ ਸੁਤੰਤਰ ਅਤੇ ਨਿਰਪੱਖ ਸੇਵਾ ਹਾਂ। ਸਾਡਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਜਾਣਕਾਰੀ ਦਰੁਸਤ ਅਤੇ ਤਾਜ਼ਾ-ਤਰੀਨ ਹੈ। ਇਹ ਸੇਵਾ ਮੁਹੱਈਆ ਕਰਵਾਉਣ ਵਾਲਿਆਂ ਦੀ ਜ਼ੁੰਮੇਵਾਰੀ ਹੈ ਕਿ ਉਹ ਆਪਣੀਆਂ ਸੇਵਾਵਾਂ ਵਿੱਚ ਕਿਸੇ ਤਰ੍ਹਾਂ ਦੀ ਤਬਦੀਲੀ ਬਾਰੇ ਸਾਨੂੰ ਸੂਚਿਤ ਕਰਦੇ ਰਹਿਣ। ਜੋ ਕੋਈ ਵੀ ਅਜਿਹੀਆਂ ਸੇਵਾਵਾਂ ਦਾ ਇਸਤੇਮਾਲ ਕਰਨਾ ਜਾਂ ਇਹਨਾਂ ਤਕ ਪਹੁੰਚਣਾ ਚਾਹੁੰਦਾ ਹੈ ਉਹ ਆਪਣੇ ਜੋਖ਼ਮ 'ਤੇ ਅਜਿਹਾ ਕਰਦੇ ਹਨ ਅਤੇ ਉਹਨਾਂ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਮਕਸਦ ਅਤੇ ਵਾਜਬਤਾ ਵਾਸਤੇ ਸਹੀ ਹੋਣ ਬਾਰੇ ਢੁਕਵੀ ਜਾਂਚ-ਪੜਤਾਲ ਕਰ ਲੈਣੀ ਚਾਹੀਦੀ ਹੈ। "ਡਾਰਲਿੰਗਟਨ" ਬੱਚਿਆਂ ਅਤੇ ਨੌਜਵਾਨਾਂ ਦੀ ਭਲਾਈ ਦੀ ਰਾਖੀ ਕਰਨ ਅਤੇ ਇਸ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ ਅਤੇ ਸਾਰੇ ਸਟਾਫ਼ ਅਤੇ ਸਵੈ-ਸੇਵੀਆਂ ਤੋਂ ਇਸ ਵਚਨਬੱਧਤਾ ਦੀ ਪਾਲਣਾ ਕਰਨ ਦੀ ਉਮੀਦ ਕਰਦਾ ਹੈ।